# ਪਾਇਲ ਡਰਾਈਵਰ




"ਮੈਂ ਆਪਣੇ ਰੋਲ ਵਿਚਲੇ ਤਕਨੀਕੀਪੁਣੇ ਦਾ ਆਨੰਦ ਮਾਣਦਾ ਹਾਂ!"

## ਇਸ ਕਿੱਤੇ ਬਾਰੇ

ਪਾਇਲਡਰਾਈਵਰ ਸਾਰੇ ਸਾਈਜ਼ਾਂ ਦੀਆਂ ਬਿਲਡਿੰਗ ਨੂੰ ਆਸਰਾ ਦੇਣ ਲਈ ਜ਼ਮੀਨ ਵਿਚ ਖੜ੍ਹਵੇਂ ਦਾਅ ਪਾਈਪ ਅਤੇ ਖੰਭੇ ਡੂੰਘੇ ਇਨਸਟਾਲ ਕਰਦੇ ਹਨ। ਸੜਕਾਂ ਅਤੇ ਹਾਈਵੇਅਜ਼ `ਤੇ, ਉਹ ਓਵਰਪਾਸ ਅਤੇ ਪੁਲ ਬਣਾਉਂਦੇ ਹਨ। ਪਾਣੀ ਵਿਚ, ਉਹ ਕੰਟੇਨਰ ਸ਼ਿਪ ਡੌਕਸ ਤੋਂ ਲੈ ਕੇ ਫੈਰੀ ਟਰਮੀਨਲਾਂ ਤੱਕ ਸਮੁੰਦਰ ਦੇ ਹੇਠਾਂ ਢਾਂਚੇ ਉਸਾਰਦੇ ਹਨ।

**$29.59-$42.00***
**/ਪ੍ਰਤੀ ਘੰਟਾ**
*2020 ਦੇ ਰੇਟ

**ਅਨੁਮਾਨਤ ਵਾਧਾ**
(ਕਨਸਟਰੱਕਸ਼ਨ ਲੇਬਰ ਫੋਰਸ)
2020 ਦੇ ਮੁਕਾਬਲੇ ਦਹਾਕੇ ਦੌਰਾਨ 10%
*BuildForce Canada

- ✓ ਤੁਸੀਂ ਆਪਣੇ ਹੱਥਾਂ ਅਤੇ ਮਸ਼ੀਨਰੀ ਨਾਲ ਕੰਮ ਕਰਨਾ ਪਸੰਦ ਕਰਦੇ ਹੋ।
- ✓ ਤੁਸੀਂ ਵੇਰਵੇ ਵੱਲ ਨੜਿਉਂ ਧਿਆਨ ਦਿੰਦੇ ਹੋ।
- ✓ ਤੁਸੀਂ ਸਰੀਰਕ ਤੌਰ `ਤੇ ਤੰਦਰੁਸਤ ਹੋ।

## ਜ਼ਿੰਮੇਵਾਰੀਆਂ

- ਡੂੰਘੇ ਪਾਇਲਜ਼ ਅਤੇ ਕਾਈਸਨ ਦੀਆਂ ਫਾਊਂਡੇਸ਼ਨਾਂ ਦੀਆਂ ਸਾਰੀਆਂ ਕਿਸਮਾਂ ਬਣਾਉਣਾ, ਇਨਸਟਾਲ ਕਰਨਾ, ਰਿਪੇਅਰ ਕਰਨਾ ਜਾਂ ਹਟਾਉਣਾ
- ਵੈਲਡ ਅਤੇ ਰਿਗ ਕਰਨ ਦੀ ਸਮਰੱਥਾ
- ਫੌਰਮਵਰਕ, ਟਿੰਬਰ/ਕੰਕਰੀਟ ਕਨਸਟਰੱਕਸ਼ਨ ਅਤੇ ਸੀਅਮੈਨਸ਼ਿਪ ਵਿਚ ਗਿਆਨ
- ਹੈਵੀ-ਡਿਊਟੀ ਸਾਜ਼-ਸਾਮਾਨ ਚਲਾਉਣਾ
- ਵਾਤਾਵਰਣ ਲਈ ਸੁਰੱਖਿਅਤ ਤਰੀਕੇ ਨਾਲ ਪ੍ਰੈਕਟਿਸ ਕਰਨਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

**ਅਪਰੈਂਟਿਸਸ਼ਿਪ ਪ੍ਰੋਗਰਾਮ:**
ਪਾਇਲਡਰਾਈਵਰਾਂ ਨੂੰ 3 ਸਾਲ ਦੀ ਟਰੇਨਿੰਗ ਦੀ ਲੋੜ ਹੈ, ਜਿਸ ਵਿਚ ਟੈਕਨੀਕਲ ਟਰੇਨਿੰਗ ਦੇ 3 ਲੈਵਲ ਅਤੇ ਟਰੇਡ ਵਿਚ ਨਿਗਰਾਨੀ ਹੇਠ ਕੰਮ-ਆਧਾਰਿਤ ਟਰੇਨਿੰਗ ਦੇ 3,600 ਘੰਟੇ ਸ਼ਾਮਲ ਹਨ। ਅਪਰੈਂਟਿਸਿਜ਼ ਨੂੰ ਸਮਾਪਤੀ ਤੋਂ ਬਾਅਦ ਸਰਟੀਫਿਕੇਟ ਔਫ ਕੰਪਲੀਸ਼ਨ ਦਿੱਤਾ ਜਾਂਦਾ ਹੈ।

### ਮੁੱਖ ਹੁਨਰ ਅਤੇ ਗੁਣ
(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਪੜ੍ਹਨ ਅਤੇ ਹਿਸਾਬ ਦੇ ਵਧੀਆ ਹੁਨਰ
- ਸਮੱਸਿਆ ਦਾ ਹੱਲ ਕਰਨ ਦੇ ਹੁਨਰ
- ਮਕੈਨੀਕਲ ਰੁਚੀ ਅਤੇ ਇਸ ਚੀਜ਼ ਬਾਰੇ ਉਤਸੁਕਤਾ ਕਿ ਚੀਜ਼ਾਂ ਕਿਵੇਂ ਕੰਮ ਕਰਦੀਆਂ ਹਨ
- ਸਰੀਰਕ ਤੌਰ `ਤੇ ਫਿੱਟ ਅਤੇ ਭਾਰ ਚੁੱਕਣ ਅਤੇ ਉਪਰ ਚੜ੍ਹਨ ਦੀ ਸਮਰੱਥਾ
- ਉਚਾਈਆਂ `ਤੇ ਕੰਮ ਕਰਨ ਦੀ ਸਮਰੱਥਾ
- ਵਾਤਾਵਰਣ ਲਈ ਸੁਰੱਖਿਅਤ ਤਰੀਕੇ ਨਾਲ ਪ੍ਰੈਕਟਿਸ ਕਰਨ ਵਿਚ ਦਿਲਚਸਪੀ

College of the BC Building Trades

**ਕੀ ਤੁਹਾਨੂੰ ਪਤਾ ਸੀ?**

ਲੋਕਲ 2404, ਯੂਨਾਈਟਿਡ ਬਰਦਰਹੁੱਡ ਔਫ ਕਾਰਪੈਂਟਰਜ਼ ਐਂਡ ਜੋਆਇਨਰਜ਼ ਔਫ ਅਮੈਰੇਕਾ ਨਾਲ ਸੰਬੰਧਿਤ ਹੈ ਅਤੇ ਇਹ ਬੀ.ਸੀ. ਭਰ ਵਿਚ ਅਤੇ ਵੈਸਟਰਨ ਕੈਨੇਡਾ ਵਿਚ ਲੈਂਡ ਫਾਊਂਡੇਸ਼ਨ, ਬ੍ਰਿਜ ਬਿਲਡਿੰਗ ਅਤੇ ਮਾਰੀਨ ਕਨਸਟਰੱਕਸ਼ਨ ਇੰਡਸਟਰੀ ਵਿਚ 800 ਮੈਂਬਰਾਂ ਦੀ ਨੁਮਾਇੰਦਗੀ ਕਰਦੀ ਹੈ।

info@collegeofthebcbt.ca | www.collegeofthebcbt.ca